# India strongly condemns the barbaric terrorist attacks in Afghanistan

May 12, 2020

---

## ਭਾਰਤ ਨੇ ਕੀਤੀ ਅਫਗਾਨਿਸਤਾਨ ਵਿੱਚ ਹੋਏ ਵਹਿਸ਼ੀ ਅੱਤਵਾਦੀ ਹਮਲਿਆਂ ਦੀ ਸਖ਼ਤ ਨਿਖੇਧੀ

12 ਮਈ, 2020

ਭਾਰਤ 11-12 ਮਈ ਨੂੰ ਦਸ਼ਤ-ਏ-ਬਰਚੀ ਹਸਪਤਾਲ ਦੇ ਜਣੇਪਾ ਵਾਰਡ, ਨੰਗਰਹਾਰ ਸੂਬੇ ਵਿੱਚ ਅੰਤਿਮ ਸੰਸਕਾਰ ਅਤੇ ਲਘਮਣ ਪ੍ਰਾਂਤ ਵਿੱਚ ਫੌਜੀ ਜਾਂਚ ਚੌਕੀ ਉੱਤੇ ਹੋਏ ਵਹਿਸ਼ੀਆਨਾ ਅੱਤਵਾਦੀ ਹਮਲਿਆਂ, ਜਿਨ੍ਹਾਂ ਵਿੱਚ ਔਰਤਾਂ ਅਤੇ ਬੱਚਿਆਂ ਸਮੇਤ ਨਿਰਦੋਸ਼ ਨਾਗਰਿਕ ਮਾਰੇ ਗਏ, ਦੀ ਸਖਤ ਨਿਖੇਧੀ ਕਰਦਾ ਹੈ। ਅਜਿਹੇ ਨਿੰਦਣਯੋਗ ਹਮਲੇ, ਜਿਨ੍ਹਾਂ ਵਿੱਚ ਮਾਂਵਾਂ, ਨਵਜਾਤ ਬੱਚੇ, ਨਰਸਾਂ ਅਤੇ ਸੋਗ ਮਨਾ ਰਹੇ ਪਰਿਵਾਰ ਸ਼ਾਮਲ ਹਨ, ਭਿਆਨਕ ਹਨ ਅਤੇ ਮਨੁੱਖਤਾ ਵਿਰੋਧੀ ਅਪਰਾਧ ਹਨ।

ਅਸੀਂ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਦਿਲੋਂ ਹਮਦਰਦੀ ਪ੍ਰਗਟ ਕਰਦੇ ਹਾਂ ਅਤੇ ਜ਼ਖਮੀਆਂ ਦੇ ਜਲਦੀ ਸਿਹਤਯਾਬ ਹੋਣ ਦੀ ਕਾਮਨਾ ਕਰਦੇ ਹਾਂ।

ਲਗਾਤਾਰ ਹੋ ਰਹੀਆਂ ਅੱਤਵਾਦ ਦੀਆਂ ਅਜਿਹੀਆਂ ਕਾਰਵਾਈਆਂ ਨੂੰ ਕਿਸੇ ਵੀ ਤਰੀਕੇ ਨਾਲ ਜਾਇਜ਼ ਨਹੀਂ ਕਿਹਾ ਜਾ ਸਕਦਾ। ਅਜਿਹੀਆਂ ਘਿਨਾਉਣੀਆਂ ਹਰਕਤਾਂ ਕਰਨ ਵਾਲਿਆਂ ਅਤੇ ਉਨ੍ਹਾਂ ਦੇ ਸਪਾਂਸਰਾਂ ਅਤੇ ਸਮਰਥਕਾਂ ਦੀ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੂੰ ਕਈ ਦਹਾਕਿਆਂ ਤੋਂ ਇਸ ਖਿੱਤੇ ਵਿੱਚ ਅੱਤਵਾਦ ਨੂੰ ਉਤਸ਼ਾਹ ਦੇਣ ਵਾਲੇ ਅਤੇ ਇਸ ਖੇਤਰ ਦੇ ਅਣਗਿਣਤ ਲੋਕਾਂ ਨੂੰ ਭਾਰੀ ਦੁੱਖ ਦੇਣ ਵਾਲੇ ਮਹਿਫੂਜ਼ ਸਥਾਨਾਂ ਅਤੇ ਸ਼ਰਨਗਾਹਾਂ ਤੋਂ ਨਿਕਲਣ ਲਈ ਮਜਬੂਰ ਕੀਤਾ ਜਾਣਾ ਚਾਹੀਦਾ ਹੈ।

ਭਾਰਤ ਅਫ਼ਗ਼ਾਨਿਸਤਾਨੀ ਲੋਕਾਂ, ਸਰਕਾਰ ਅਤੇ ਸੁਰੱਖਿਆ ਬਲਾਂ ਦੀਆਂ ਦੇਸ਼ ਅੰਦਰ ਸ਼ਾਂਤੀ ਅਤੇ ਸਥਿਰਤਾ ਲਿਆਉਣ ਦੀਆਂ ਕੋਸ਼ਿਸ਼ਾਂ ਵਿੱਚ ਉਨ੍ਹਾਂ ਦੇ ਨਾਲ ਇੱਕਜੁਟ ਖੜ੍ਹਾ ਹੈ। ਰਮਜ਼ਾਨ ਦਾ ਪਵਿੱਤਰ ਮਹੀਨਾ ਵਰਤ ਰੱਖਣ, ਅਰਦਾਸ ਕਰਨ ਅਤੇ ਚਿੰਤਨ ਕਰਨ ਦਾ ਸਮਾਂ ਹੋਣਾ ਚਾਹੀਦਾ ਹੈ। ਅਸੀਂ ਅਫ਼ਗਾਨਿਸਤਾਨ ਵਿਚ ਕੋਰੋਨਾਵਾਇਰਸ ਦੇ ਫੈਲਣ ਨਾਲ ਪੈਦਾ ਹੋਏ ਮਨੁੱਖੀ ਹਾਲਾਤ ਨਾਲ ਨਜਿੱਠਣ ਲਈ ਅੱਤਵਾਦੀ ਹਿੰਸਾ ਅਤੇ ਭਾਈਵਾਲੀ ਨੂੰ ਤੁਰੰਤ ਬੰਦ ਕਰਨ ਦੀ ਮੰਗ ਕਰਦੇ ਹਾਂ।

ਨਵੀਂ ਦਿਲੀ
12 ਮਈ, 2020

DISCLAIMER: This is an approximate translation. The original is available in English on MEA’s website and may be referred to as the official press release.